**ਭਾਰਤ ਅਤੇ ਅਮਰੀਕਾ ਨੇ ਸਾਈਬਰ ਅਪਰਾਧ ਜਾਂਚ ਸਬੰਧੀ ਸਮਝੌਤਾ ਪੱਤਰ (MoU) 'ਤੇ ਹਸਤਾਖਰ ਕੀਤੇ**

18 ਜਨਵਰੀ, 2025

ਭਾਰਤ ਅਤੇ ਅਮਰੀਕਾ ਨੇ 17 ਜਨਵਰੀ, 2025 ਨੂੰ ਵਾਸ਼ਿੰਗਟਨ ਡੀਸੀ ਵਿੱਚ, ਸਾਈਬਰ ਅਪਰਾਧ ਜਾਂਚਾਂ ਵਿੱਚ ਸਹਿਯੋਗ ਨੂੰ ਵਧਾਉਣ ਲਈ ਸਮਝੌਤਾ ਪੱਤਰ (MoU) 'ਤੇ ਹਸਤਾਖਰ ਕੀਤੇ।

2. ਇਸ MoU ਉੱਤੇ ਅਮਰੀਕਾ ਵਿੱਚ ਭਾਰਤ ਦੇ ਰਾਜਦੂਤ, ਸ਼੍ਰੀ ਵਿਨਯ ਕਵਾਤਰਾ ਅਤੇ ਅਮਰੀਕਾ ਹੋਮਲੈਂਡ ਸਕਿਉਰਿਟੀ (DHS) ਦੀ ਕਾਰਜਕਾਰੀ ਡਿਪਟੀ ਸਕੱਤਰ ਸ਼੍ਰੀਮਤੀ ਕ੍ਰਿਸਟੀ ਕੈਨੇਗਲੋ ਨੇ ਹਸਤਾਖਰ ਕੀਤੇ।

3. ਭਾਰਤ ਦੀ ਤਰਫੋਂ, ਗ੍ਰਹਿ ਮੰਤਰਾਲੇ (MHA), ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ (I4C) ਉੱਤੇ ਇਸ MoU ਨੂੰ ਲਾਗੂ ਕਰਨ ਦੀ ਜ਼ੁੰਮੇਵਾਰੀ ਹੈ। ਅਮਰੀਕਾ ਦੀ ਤਰਫੋਂ, ਇਹ ਹੋਮਲੈਂਡ ਸਿਕਿਉਰਿਟੀ ਵਿਭਾਗ (DHS), ਅਤੇ ਇਸ ਦੀਆਂ ਸੰਘਟਕ ਏਜੰਸੀਆਂ ਅਮਰੀਕਾ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE), ਅਤੇ ਹੋਮਲੈਂਡ ਸਿਕਿਉਰਿਟੀ ਇਨਵੈਸਟੀਗੇਸ਼ਨਜ਼ ਸਾਈਬਰ ਕ੍ਰਾਈਮ ਸੈਂਟਰ (C3) ਦੀ ਜ਼ੁੰਮੇਵਾਰੀ ਹੈ।

4. ਇਸ MoU ਨਾਲ ਦੋਵੇਂ ਦੇਸ਼ਾਂ ਦੀਆਂ ਸੰਬੰਧਿਤ ਏਜੰਸੀਆਂ ਅਪਰਾਧਿਕ ਜਾਂਚਾਂ ਵਿੱਚ ਸਾਈਬਰ ਖ਼ਤਰੇ ਦੀ ਖੁਫੀਆ ਜਾਣਕਾਰੀ ਅਤੇ ਡਿਜੀਟਲ ਫੋਰੈਂਸਿਕ ਦੀ ਵਰਤੋਂ ਦੇ ਸਬੰਧ ਵਿੱਚ ਸਹਿਯੋਗ ਅਤੇ ਸਿਖਲਾਈ ਦੇ ਪੱਧਰ ਨੂੰ ਵਧਾ ਸਕਦੀਆਂ ਹਨ।

5. ਸਾਈਬਰ ਅਪਰਾਧ, ਭਾਰਤ ਅਤੇ ਅਮਰੀਕਾ ਦੇ ਸਾਹਮਣੇ ਆ ਰਹੀਆਂ ਸਾਂਝੀਆਂ ਸੁਰੱਖਿਆ ਚੁਣੌਤੀਆਂ, ਜਿਵੇਂ ਕਿ ਅੱਤਵਾਦ ਅਤੇ ਹਿੰਸਕ ਕੱਟੜਵਾਦ, ਅੱਤਵਾਦ ਲਈ ਵਿੱਤ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਸੰਗਠਿਤ ਅਪਰਾਧ, ਮਨੁੱਖੀ ਤਸਕਰੀ, ਗੈਰ-ਕਨੂੰਨੀ ਪ੍ਰਵਾਸੀ, ਮਨੀ ਲਾਂਡਰਿੰਗ ਅਤੇ ਆਵਾਜਾਈ ਦੀ ਸੁਰੱਖਿਆ ਨਾਲ ਡੂੰਘਾਈ ਨਾਲ ਜੁੜੇ ਹੋਏ ਹਨ। ਸਾਈਬਰ ਅਪਰਾਧ ਜਾਂਚਾਂ ਦਾ ਇਹ MoU, ਸਾਡੀ ਵਿਆਪਕ ਅਤੇ ਗਲੋਬਲ ਰਣਨੀਤਿਕ ਭਾਈਵਾਲੀ ਦੇ ਹਿੱਸੇ ਵਜੋਂ, ਭਾਰਤ-ਅਮਰੀਕਾ ਵਿਚਕਾਰ ਸੁਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ।

ਨਵੀਂ ਦਿੱਲੀ

18 ਜਨਵਰੀ, 2025